# जोगिया सुनहरी जटां वालेया

ਜੋਗੀਆ, ਸੁਨਹਿਰੀ ਜਟਾਂ ਵਾਲਿਆ
ਮੈਂ ਤੇਰੀ, ਕਮਲੀ ਹੋ ਗਈ ਆਂ ॥
ਜੋਗੀਆ, ਸੁਨਹਿਰੀ ਜਟਾਂ ਵਾਲਿਆ
ਮੈਂ ਤੇਰੀ, ਨੌਕਰ ਹੋ ਗਈ ਆਂ ॥
*ਚਰਨਾਂ ਦੇ ਨਾਲ ਲਾ ਲੈ ॥,
ਦਰ ਤੇਰੇ, ਆਣ ਖ਼ਲੋ ਗਈ ਆਂ,,, ( ਜੈ ਬਾਬੇ ਦੀ )
ਜੋਗੀਆ, ਸੁਨਹਿਰੀ,,,,,,,,,,,,,,,,,,,,

*ਮੈਂ ਤਾਂ ਤੇਰੀ ਹੋ ਗਈ ਜੋਗੀਆ,
"ਤੂੰ ਵੀ ਹੋ ਜਾ ਮੇਰਾ" ।
ਰਤਨੋ ਲੁਹਾਰੀ ਵਾਂਗੂ ਮੈਨੂੰ ਵੀ,
"ਦਰਸ਼ਨ ਹੋ ਜਾਏ ਤੇਰਾ" ॥
*ਖ਼ੈਰ ਝੋਲੀ ਵਿੱਚ ਪਾ ਦੇ ॥,
ਬੜੀਆਂ, ਦੇਰਾਂ ਹੋ ਗਈ ਆਂ,,, ( ਜੈ ਬਾਬੇ ਦੀ )
ਜੋਗੀਆ, ਸੁਨਹਿਰੀ,,,,,,,,,,,,,,,,,,

*ਨਾਮ ਤੇਰੇ ਦੀ ਰੰਗਤ ਬਾਬਾ, "ਮੈਨੂੰ ਵੀ ਚੜ੍ਹ ਜਾਵੇ" ।
ਜਿਥੇ ਮੱਥਾ ਟੇਕਾਂ ਜੋਗੀਆ, "ਤੂੰ ਹੀ ਨਜ਼ਰ ਮੈਨੂੰ ਆਵੇ" ॥
*ਨਿੱਤ ਹੈ ਜੋਤ ਜਗਾਉਂਦੇ, ਦਰ ਤੇ ਰੋਟ ਚੜ੍ਹਾਉਂਦੇ,
ਜਿਹਨਾਂ ਤੇ, ਮੇਹਰਾਂ ਹੋ ਗਈ ਆਂ,,, ( ਜੈ ਬਾਬੇ ਦੀ )
ਜੋਗੀਆ, ਸੁਨਹਿਰੀ,,,,,,,,,,,,,,,,,,

*ਐਤਵਾਰ ਨੂੰ ਰੋਟ ਬਣਾ ਕੇ, "ਸੰਗਤਾਂ ਨੂੰ ਵਰਤਾਵਾਂ" ।
ਗੁਫ਼ਾ ਤੇਰੀ ਤੇ ਆ ਕੇ ਬਾਬਾ, "ਦਰਸ਼ਨ ਤੇਰਾ ਪਾਵਾਂ" ॥
*ਸੁਣ ਵੇ ਧੂਣੇ ਵਾਲਿਆ ਬਾਬਾ ॥,
ਭੇਟਾਂ ਤੇਰੀਆਂ ਹੀ ਗਾਉਂਦੀ ਆਂ,,, ( ਜੈ ਬਾਬੇ ਦੀ )
ਜੋਗੀਆ, ਸੁਨਹਿਰੀ,,,,,,,,,,,,,,,,,,

*ਸਾਰੀ ਦੁਨੀਆਂ ਛੱਡ ਕੇ ਬਾਬਾ ਜੀ,
"ਦਰ ਮੈਂ ਮੱਲ੍ਹ ਲਿਆ ਤੇਰਾ" ।
ਸੋਹਣੀ ਪੱਟੀ ਵਾਲੇ ਵਾਂਗੂ,
"ਤਾਰ ਦਿਓ ਮੇਰਾ ਬੇੜਾ" ॥
*ਤੇਰੇ ਨਾਲ ਪ੍ਰੀਤਾਂ ਪਾ ਕੇ ॥,
ਬੂਹੇ, ਦੁੱਖ ਦੇ ਢੋਹ ਗਈ ਆਂ,,, ( ਜੈ ਬਾਬੇ ਦੀ )
ਜੋਗੀਆ, ਸੁਨਹਿਰੀ,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/25080/title/jogiya-sunehri-jata-waleya

अपने Android मोबाइल पर BhajanGanga App डाउनलोड करें और भजनों का आनंद ले |